# ਸਜਦਾ: 14 ਅਪ੍ਰੈਲ 1919

ਮਲਵਿੰਦਰ ਜੀਤ ਸਿੰਘ ਵੜੈਚ


ਇਹ ਜੇ ਭਗਤ ਸਿੰਘ ਦੀ ਤਸਵੀਰ ਜਦੋਂ ਸੀ ਉਹ ਦਸਾ ਵਰ੍ਹਿਆਂ ਦਾ, ਕਿੰਨਾ ਅਨਭੋਲ ਲਗਦੈ, ਪਰ ਕੋਈ ਸਾਲ ਦੋ ਸਾਲ ਪਿੱਛੋਂ ਹੀ ਇਹ ਬੱਚਾ 1919, ਵਿਸਾਖੀ ਮੌਕੇ ਜਲਿਆਂਵਾਲੇ ਦੇ ਘਲੂਘਾਰੇ ਦੇ ਅਗਲੇ ਹੀ ਦਿਨ, ਘਰੋਂ ਨਿਕਲਦਾ ਹੈ ਰੋਜ਼ ਵਾਂਗ ਲਾਹੌਰ ਡੀ.ਏ.ਵੀ. ਸਕੂਲ ਜਾਣ ਲਈ ਪਰ ਬੇਵਸ ਹੋਕੇ, ਸਟੇਸ਼ਨੋਂ ਗੱਡੀ ਫੜ ਕੇ ਪਹੁੰਚ ਜਾਂਦਾ ਹੈ ਅੰਮ੍ਰਿਤਸਰ।


ਭਗਤ ਸਿੰਘ

ਲਾਹੌਰੋ ਦੇ ਸੈਂਕੜੇ ਲੋਕੀ ਮੌਜੂਦ ਸਨ ਮੌਕੇ ਤੇ, ਜਿਨ੍ਹਾਂ ਸ਼ਾਮੀ ਪਰਤਕੇ ਅਖੀਂ ਡਿਠਾ ਹਾਲ ਸੁਨਾਇਆ, ਜੋ ਲਾਹੌਰ ਦੇ ਬੱਚੇ-ਬੱਚੇ ਦੀ ਜ਼ਬਾਨ ਤੇ ਸੀ, ਜਿਸ ਨੇ ਲੋਕਾਈ ਨੂੰ ਹਲੂਣ ਦੇ ਰੱਖ ਦਿੱਤਾ ਸੀ... ਤੇ ਭਗਤ ਸਿੰਘ ਦੇ ਦੇਸ਼ ਭਗਤ ਪਰਿਵਾਰ ਨੂੰ ਤਾਂ ਆਮ ਲੋਕਾਂ ਨਾਲੋਂ ਕਿਤੇ ਵਧੇਰੇ ਸੇਕ ਲੱਗਿਆ ਹੋਵੇਗਾ... ਭਗਤ ਸਿੰਘ ਸਾਰੀ ਰਾਤ ਸ਼ਾਇਦ ਹੀ ਸੌਂ ਸਕਿਆ ਹੋਵੇਗਾ, ਤੇ ਜ਼ਾਲਮ ਹਕੂਮਤ ਦੀ ਵਹਿਸ਼ੀਆਨਾ ਕਰਤੂਤ ਨੇ ਪਤਾ ਨਹੀਂ ਉਹਦੇ ਅੰਦਰ ਕਿੰਨਾਂ ਕੁ ਵੱਡਾ ਬਦਲੇ ਦਾ ਭਾਂਬੜ ਬਾਲ ਦਿੱਤਾ ਹੋਵੇਗਾ — ਇੰਜ ਹੋਇਆ ਹੀ ਹੋਣੈ!

ਤਾਂ ਹੀ ਤੇ ਭਗਤ ਸਿੰਘ ਦੀਆਂ ਲਤਾਂ ਅਗਲੀ ਸਵੇਰੇ ਸਕਲ ਵੱਲ ਜਾਣ ਦੀ ਬਜਾਏ ਉਸ ਲਹੂ ਭਿੰਨੀ ਧਰਤੀ ਵੱਲ ਨੂੰ ਹੋ ਤੁਰੀਆਂ।

ਇਕਲਿਆ ਸਫ਼ਰ ਕਰਨਾ ਤਾਂ ਉਸ ਦੇ ਲਈ ਸਾਧਾਰਨ ਜਿਹੀ ਗੱਲ ਸੀ, ਕਿਉਂਕਿ ਉਹ ਉਹਨੀਂ ਦਿਨੀਂ ਕਲ-ਮੁ-ਕਲਾ ਲਾਇਲਪੁਰ ਪਿੰਡ ਬੰਗੇ ਵੀ ਆ-ਜਾ ਲੈਂਦਾ ਸੀ, ਤੇ ਅੰਮ੍ਰਿਤਸਰ ਸਟੇਸ਼ਨੋਂ ਜਲਿਆਂਵਾਲੇ ਬਾਗ਼ ਪਹੁੰਚਣਾ ਵੀ ਕੋਈ ਮਸਲਾ ਨਹੀਂ ਸੀ ਕਿਉਂ ਜੋ ਉਹ ਕਦੇ ਕਦਾਈ 'ਭਾਈਆ ਜੀ' ਨਾਲ ਉਥੇ ਜਲਸਿਆਂ ਵਿੱਚ ਜਾਂਦਾ ਰਿਹਾ ਸੀ।


ਜਲਿਆਂਵਾਲਾ ਬਾਗ਼ ਕਤਲੇਆਮ — 1919

ਇਹ ਤਾਂ ਕਿਹਾ ਨਹੀਂ ਜਾ ਸਕਦਾ ਕਿ ਉਸਨੇ ਉਥੋਂ ਲਹੂ ਲਿਬੜੀ ਮਿੱਟੀ ਲਿਆਉਣ ਦਾ ਫ਼ੈਸਲਾ ਕਿਉਂ ਕੀਤਾ ਸੀ, ਪਰ ਮੌਕੇ ਤੇ ਪਹੁੰਚਣ ਵੇਲੇ ਉਹਦੇ ਪਾਜਾਮੇ ਦੀ ਜੇਬ ਵਿੱਚ ਖੁਲ੍ਹੇ ਮੂੰਹ ਵਾਲੀ ਸ਼ੀਸ਼ੀ ਜ਼ਰੂਰ ਮੌਜੂਦ ਸੀ...

ਕਿੰਜ ਲੱਗਦਾ ਹੋਵੇਗਾ ਭਗਤ ਸਿੰਘ ਉਸ ਵੇਲੇ ਸਿਰ ਤੇ ਆਮ ਨਾਲੋਂ ਵੀ ਢਿੱਲੀ ਢੱਠੀ ਛੋਟੀ ਜਿਹੀ ਪੱਗ, ਵੱਟੋ-ਵੱਟ ਮਧੋਲਿਆ ਜਿਹਾ ਕਮੀਜ਼-ਪਾਜਾਮਾਂ, ਡੌਰ-ਭੌਰ ਅੱਖਾਂ, ਬੁਸਿਆ ਹੋਇਆ ਚਿਹਰਾ, ਸੇਜਲ ਅਖਾਂ ਝੁਕੀਆਂ ਹੋਈਆਂ ਹੇਠਾਂ ਨੂੰ ਤੇ ਗਵਾਚੀਆਂ ਹੋਈਆਂ ਕਿੱਤੇ ਦੂਰ-ਦੁਰਾਡੇ!

ਕਢੀ ਸ਼ੀਸ਼ੀ ਜੇਬ ਚੋਂ, ਮਿੱਟੀ ਨਾਲ ਭਰਨ ਲਈ, ਮਿੱਟੀ ਭਾਵੇ ਅੱਜੇ ਸਿਲ੍ਹੀ ਸੀ, ਪਰ ਸੰਘਣੇ ਲਹੂ ਨਾਲ ਜੰਮੀ ਹੋਈ ਹੋਣ ਕਰਕੇ ਖਾਲੀ ਹੱਥ ਨਾਲ ਪੁਟੀ ਨਹੀਂ ਸੀ ਜਾ ਰਹੀ, ਤੇ ਇਧਰ ਉਧਰੋਂ ਇੱਕ ਠੀਕਰੀ ਲਿਆਕੇ ਮਿੱਟੀ ਖੁਰਚੀ ਤੇ ਸ਼ੀਸ਼ੀ 'ਚ ਭਰ ਲਈ।

ਪਤਾ ਨਹੀਂ ਉਹਨੂੰ ਕਿਹੜਾ ਸਫ਼ਰ ਜ਼ਿਆਦਾ ਮੁਸ਼ਕਲ ਲੱਗਿਆ ਹੋਵੇਗਾ, ਪਹੁੰਚਣ ਵਾਲਾ ਜਾਂ ਵਾਪਸੀ ਵਾਲਾ — ਪਰ ਇੰਜ ਤਾਂ ਕਿਹਾ ਈ ਜਾ ਸਕਦੈ ਕਿ ਵਾਪਸੀ ਵੇਲੇ ਭਗਤ ਸਿੰਘ ਪਹਿਲਾਂ ਵਾਲਾ ਭਗਤ ਸਿੰਘ ਨਹੀਂ ਸੀ।

ਸ਼ਾਮੀਂ ਘਰ ਪਰਤਣ ਵੇਲੇ ਤੱਕ ਘਰ ਵਾਲੇ ਫ਼ਿਕਰ 'ਚ ਡੁੱਬੇ ਹੋਏ ਸਨ, ਉਦਾਸ ਜਿਹੇ ਮਾਹੌਲ ਨੇ ਚਿੰਤਾ ਨੂੰ ਦੂਣ ਸਵਾਇਆ ਕਰ ਦਿੱਤਾ ਹੋਇਆ ਸੀ। ਘਰ ਪਹੁੰਚਦਿਆਂ ਹੀ ਅੱਗੋਂ ਭੱਜ ਕੇ ਮਿਲੀ ਛੋਟੀ ਭੈਣ ਅਮਰੋ, ਜੋ ਵੀਰ ਦੇ ਵਿਛੋੜੇ ਦੇ ਪਲ-ਪਲ ਨੂੰ ਝੱਲ ਰਹੀ ਸੀ, "ਵੀਰੇ, ਮੈਂ ਤੇਰੇ ਲਈ ਅੰਬੀਆਂ ਰੱਖੀਆਂ ਹੋਈਆ ਨੇ।"

ਪਰ ਵੀਰ ਗੁਆਚਾ ਹੋਇਆ, ਨਿਮੋਝੂਣਾ ਜਿਹਾ ਲੱਗਦਾ ਸੀ, ਜਿਵੇਂ ਉਹ ਪਹਿਲਾਂ ਵਾਲਾ ਵੀਰਾ ਰਿਹਾ ਈ ਨਾ ਹੋਵੇ।

ਭੈਣ ਨੂੰ ਨਾਲ ਲਿਜਾਕੇ ਜੇਬ 'ਚੋਂ ਸ਼ੀਸ਼ੀ ਕੱਢ ਕੇ ਵਖਾਉਂਦਿਆਂ ਕਿਹਾ ਕਿ ਇਹ ਲਹੂ ਭਿੱਜੀ ਮਿੱਟੀ ਉਹ ਜਲਿਆਂਵਾਲੇ ਬਾਗ਼ ਤੋਂ ਲੈ ਕੇ ਆਇਆ ਹੈ।

"ਅਮਰ, ਬਾਹਰੋ ਫੁਲ ਪਤੀਆਂ ਲਿਆ, ਮੈਂ ਇਸ ਦੇ ਦੁਆਲੇ ਸਜਾਵਾਗਾਂ" ਤੇ ਇੰਜ ਹੀ ਕੀਤਾ ਗਿਆ — ਜ਼ਿੰਦਗੀ ਭਰ ਭਗਤ ਸਿੰਘ ਲਈ ਇਹ ਮਿੱਟੀ ਪ੍ਰੇਰਣਾ ਸਰੋਤ ਬਣੀ ਰਹੀ ਤੇ ਬਾਰ੍ਹਾਂ ਵਰ੍ਹਿਆਂ ਦੇ ਭਗਤ ਸਿੰਘ ਨੇ ਜ਼ਿੰਦਗੀ ਦੇ ਰਹਿੰਦੇ ਬਾਰਾਂ ਸਾਲ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿੱਤੇ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109

ਈਮੇਲ: mjswaraich29@gmail.com

ਫੋਨ: 0172-2556314

---